# ਯਾਰ ਮੇਰਾ ਹੱਜ ਕਰਾ ਦੇ

## ਲਾਹੌਰ ਸਫ਼ਰਨਾਮਾ

## ਰਜਿੰਦਰ ਅਰੋੜਾ



# ਯਾਰ ਮੇਰਾ ਹੱਜ ਕਰਾ ਦੇ

## ਲਾਹੌਰ ਸਫ਼ਰਨਾਮਾ


# ਰਜਿੰਦਰ ਅਰੋੜਾ



*Publication: NotNul*

*Published On: April, 2025*



*© Rajinder Arora*

**ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰੇ ਘਰ ਵਿਚ ਨੌ ਸੋ ਮੱਕਾ,**

**ਨੀ ਮੈਂ ਕਮਲੀ ਆਂ**

**- ਬਾਬਾ ਬੁੱਲ੍ਹੇ ਸ਼ਾਹ**

**ਹਮ ਦਿੱਲੀ ਭੀ ਹੋ ਆਏ ਹੈਂ ਲਾਹੌਰ ਭੀ ਘੂਮੇ**

**ਐ ਯਾਰ ਮਗਰ ਤੇਰੀ ਗਲੀ ਤੇਰੀ ਗਲੀ ਹੈ**

**-ਬਸ਼ੀਰ ਬਦ੍ਰ**

**ਯੇ ਜੋ ਲਾਹੌਰ ਸੇ ਮੋਹਬੱਤ ਹੈ**

**ਯੇ ਕਿਸੀ ਔਰ ਸੇ ਮੋਹਬੱਤ ਹੈ**

**-ਫਕਰ ਅੱਬਾਸ**

ਇਹ ਕਹਾਣੀ ਨਹੀਂ ਸੱਚੇ ਹੈ, ਸੱਚੀ ਕਹਾਣੀ ਕਹਿ ਲੋ, ਅਤੇ ਇਸ ਸੱਚ ਕਹਾਣੀ ਦੇ ਸਾਰੇ ਪਾਤਰ ਉਨ੍ਹੇ ਹੀ ਸਚੇ ਹਨ ਜਿੰਨੇ ਉਹ ਬੀਤੇ ਦਿਨਾਂ ਦੇ ਸੂਰਜ ਅਤੇ ਚੰਨ।

© ਇਸ ਕਿਤਾਬ ਦਾ ਸਿਰਲੇਖ ਰਜਿਸਟ੍ਰੇਸ਼ਨ ਨੰਬਰ C1770931/2019 ਦੇ ਤਹਿਤ ਰਜਿੰਦਰ ਅਰੋੜਾ ਦੀ ਬੌਧਿਕ ਸੰਪੱਤੀ ਦਾ ਕਾਪੀਰਾਈਟ ਹੈ।

ਮਾਂ ਦੇ ਲਈ

ਦਿਲ ਦੀ ਬਿਮਾਰੀ ਆਖ਼ਰ ਜਾਨ ਲੈ ਕੇ ਹੀ ਮੰਨਦੀ ਹੈ। ਸਾਡੇ ਪਿਤਾ ਜੀ (ਅੱਬੂ/ਡੈਡੀ/ਪਾਪਾ/ਦਾਦੂ) ਦੇ ਨਾਲ ਵੀ ਏਹੀ ਹੋਇਆ। ਜਦੋਂ ਪਹਿਲਾ ਦਿਲ ਦਾ ਦੌਰਾ ਪਿਆ ਤਾਂ ਅੱਠ ਦਿਨ ਹਸਪਤਾਲ ਵਿੱਚ ਕੱਟੇ, ਦੂਜੀ ਵਾਰ ਛੇ ਦਿਨ। ਅਮੂਮਨ ਦਿਲ ਦੇ ਮਰੀਜ਼ਾਂ ਦਾ ਬਲੱਡ ਪ੍ਰੈਸ਼ਰ ਜ਼ਿਆਦਾ ਹੁੰਦਾ ਹੈ ਪਰ ਇਨ੍ਹਾਂ ਦੇ ਨਾਲ ਬਿਲਕੁਲ ਉਲਟਾ ਸੀ। ਉਨ੍ਹਾਂ ਦੇ ਖ਼ੂਨ ਦਾ ਦੌਰਾ ਯਾਨਿ ਬਲੱਡ ਪ੍ਰੈਸ਼ਰ ਐਨਾ ਘੱਟ ਹੋ ਜਾਂਦਾ ਸੀ ਕਿ ਡਾਕਟਰ ਲੋਕ ਅੱਪ੍ਰੇਸ਼ਨ ਵੀ ਨਹੀਂ ਕਰ ਸਕੇ। ਵੈਸੇ ਵੀ ਪਿਤਾ ਜੀ (ਸਤ ਪਾਲ ਅਰੋੜਾ) ਉਮਰ ਦੀ ਵਜ੍ਹਾ ਕਰਕੇ ਅਤੇ ਪਹਿਲੇ ਹਾਰਟ ਅਟੈਕ ਦੇ ਬਾਦ ਡਰਪੋਕ ਜਿਹੇ ਹੋ ਗਏ ਸਨ। ਡਾਕਟਰਾਂ ਦੇ ਕਹਿਣ ਦੇ ਬਾਵਜੂਦ ਵੀ ਘਰੋਂ ਨਹੀਂ ਨਿਕਲਦੇ ਸਨ; ਬਸ ਸਾਰਾ ਦਿਨ ਅਖ਼ਬਾਰ ਪੜ੍ਹਨਾ, ਚਿੱਠੀਆਂ ਲਿਖਣਾ ਅਤੇ ਆਪਣੇ ਪੋਲੇ-ਪੋਲੇ ਹੱਥਾਂ ਨਾਲ ਡਾਇਰੀ ਵਿੱਚ ਮਹੀਨ ਅਤੇ ਬਰੀਕ

ਲਿੱਖਤ ਵਿਚ ਇਸ ਤਰ੍ਹਾਂ ਲਿਖਦੇ ਜਿਵੇਂ ਦੁਨੀਆਂ ’ਚੋਂ ਕਾਗਜ ਖ਼ਤਮ ਹੋ ਚਲਿਆ ਹੋਵੇ, ਹੁਨ ਹੋਰ ਨਹੀਂ ਮਿਲਣ ਵਾਲਾ।

ਖ਼ੈਰ, ਦਵਾ ਅਤੇ ਦੁਆ ਦੇ ਨਾਲ ਦਿਨ ਕੱਟ ਰਹੇ ਸਾਂ ਅਤੇ ਉਨ੍ਹਾਂ ਦੀ ਸਿਹਤ ਵੀ ਬਿਹਤਰ ਹੋ ਰਹੀ ਸੀ ਪਰ ਸਰਦੀਆਂ ਦਾ ਮੌਸਮ ਦਿਲ ਦੇ ਮਰੀਜ਼ਾਂ ਲਈ ਚੰਗਾ ਨਹੀਂ ਹੁੰਦਾ, ਇਹੀ ਸੋਚ ਕੇ ਅਸੀਂ ਉਨ੍ਹਾਂ ਨੂੰ ਅਸ਼ੋਕ ਵਿਹਾਰ ਦੇ ਘਰ ਤੋਂ ਆਪਣੇ ਘਰ ਗੁੜਗਾਂਵਾਂ ਲੈ ਆਏ। ਸਾਲ ਸੀ 2001, ਸਾਰਾ ਕੁਝ 2K ਦੇ ਇਰਦ-ਗਿਰਦ ਸੋਚਿਆ ਜਾਂਦਾ ਸੀ - ਕੰਪਿਉਟਰ ਤੇ ਕੰਮ ਕਰਨ ਵਾਲਿਆਂ ਲਈ ਤਾਂ ਪਿਛਲਾ ਸਾਲ ਅਤੇ ਇਹ ਸਾਲ ਪਾਗਲਪਨ ਵਾਲਾ ਹੀ ਸੀ। ਜਨਵਰੀ ਦਾ ਮਹੀਨਾ ਸਾਡੇ ਨਾਲ ਬਿਤਾ ਕੇ ਫਰਵਰੀ ਵਿਚ ਉਹ ਤੇ ਮਾਂ (ਕ੍ਰਿਸ਼ਨਾ ਗ੍ਰੋਵਰ ਅਰੋਰਾ) ਵਾਪਸ ਆਪਣੇ ਘਰ ਅਸ਼ੋਕ ਵਿਹਾਰ ਚਲੇ ਗਏ। ਇਕ ਸਾਲ ਪਹਿਲਾਂ ਹੀ ਕਾਰਗਿਲ ਦੀ ਜੰਗ ਖ਼ਤਮ ਹੋਈ ਸੀ, ਸੋ ਘਰ ਵਿਚ ਅਕਸਰ ਪਾਕਿਸਤਾਨ, ਲਾਹੌਰ,

ਕਰਾਚੀ, ਮੁਲਤਾਨ, ਸਰਗੋਧਾ, ਗੁਜਰਾਂਵਾਲਾ, ਮੁਲਤਾਨ, ਝੰਗ ਅਤੇ ਸਿੰਧ ਦੀਆਂ ਗੱਲਾਂ ਹੁੰਦੀਆਂ ਸਨ। ਦੋਨੋਂ ਆਪਣਾ ਬਚਪਨ ਅਤੇ ਤਕਸੀਮ ਦੇ ਨਾਲ ਹੋਈ ਮਾਰ-ਕਾਟ ਨੂੰ ਯਾਦ ਕਰਕੇ ਉਦਾਸ ਹੋ ਜਾਂਦੇ ਸੀ। ਇਨ੍ਹਾਂ ਦੋਨਾਂ ਦੇ ਪਰਵਾਰ ਲਾਹੌਰ ਵਿੱਚ ਇਕ ਦੂਜੇ ਨੂੰ ਜਾਣਦੇ ਸਨ।

ਉਸੀ ਫਰਵਰੀ ਦੀ ਇਕ ਸਰਦ ਸ਼ਾਮ ਨੂੰ ਦਫਤਰੋਂ ਘਰ ਦੇਰ ਨਾਲ ਪਹੁੰਚਿਆ ਸੀ, ਇਕ ਡ੍ਰਿੰਕ ਬਨਾ ਕੇ ਅਰਾਮ ਕਰਨ ਲਈ ਬੈਠਾ ਹੀ ਸੀ ਕਿ ਫ਼ੋਨ ਦੀ ਘੰਟੀ ਵਜੀ। ਰਜਨੀ ਨੇ ਫ਼ੋਨ ਚੁਕਿਆ, ਮੈਂ ਘਰ ਵਿਚ ਇਸ ਕਰਕੇ ਫ਼ੋਨ ਨਹੀਂ ਚੁਕਦਾ ਕਿਉਂਕਿ ਮੈਨੂੰ ਕੋਈ ਵੀ ਫ਼ੋਨ ਨਹੀਂ ਕਰਦਾ। ਗੱਲਾਂ ਤੋਂ ਪਤਾ ਲੱਗ ਗਿਆ ਕਿ ਦੂਜੀ ਤਰਫ ਮਾਂ ਹੈ। ਥੋੜ੍ਹੀ ਦੇਰ ਬਾਦ ਮੈਨੂੰ ਫ਼ੋਨ ਫੜਾ ਦਿੱਤਾ ਕਿ ਪਿਤਾ ਜੀ ਗੱਲ ਕਰਨਾ ਚਾਹੁੰਦੇ ਹਨ। ਰਾਤ ਦੇ 10 ਦੇ ਬਾਦ ਦਾ ਵਕਤ ਸੀ, ਇਸ ਵਕਤ? ਖ਼ੈਰਿਅਤ ਹੋਏ, ਫ਼ੋਨ ਲੈਂਦੇ ਹੋਏ ਮੈਂ ਸੋਚਿਆ।

ਕੁਝ ਇਧਰ-ਉਧਰ ਦੀਆਂ ਗੱਲਾਂ, ਇਹ ਚਿੱਠੀ ਆਈ ਹੈ, ਤੇਰਾ ਇੰਸ਼ੋਰੈਂਸ (ਬੀਮੇ) ਦੀ ਕਿਸ਼ਤ ਦੇਣ ਵਾਲੀ ਹੈ, ਪੜੋਸ ਵਾਲੇ ਬੰਸਲ ਸਾਹਿਬ ਨੂੰ ਵੀ ਹਾਰਟ ਅਟੈਕ ਆਇਆ ਹੈ, ਵਗੈਰਾ-ਵਗੈਰਾ। ਮੈਨੂੰ ਲੱਗਿਆ ਕੋਈ ਗੱਲ ਕਹਿਣਾ ਚਾਹ ਰਹੇ ਹਨ ਪਰ ਬੋਲ ਨਹੀਂ ਰਹੇ। ਆਖ਼ਰ ਪੁੱਛ ਹੀ ਲਿਆ, ਕੁਝ ਹੋਰ ਮਨ ਵਿੱਚ ਹੈ ਤੇ ਕਹੋ- ਕਰੀਬ-ਕਰੀਬ ਇਕ ਮਿੰਟ ਦੀ ਚੁੱਪੀ ਦੇ ਬਾਦ ਰੁਆਂਸੇ ਜਿਹੇ ਗਲੇ ਨਾਲ ਉਨ੍ਹਾਂ ਨੇ ਜੋ ਕਿਹਾ ਮੈਨੂੰ ਯਕੀਨ ਨਹੀਂ ਆਇਆ। ਇੰਜ ਲੱਗਿਆ ਕਿ ਮੈਂ ਗਸ਼ ਖਾ ਕੇ ਡਿਗ ਜਾਵਾਂਗਾ. ਮੇਜ ਦਾ ਕੋਨਾ ਪਕੜ ਕੇ ਕਿਸੀ ਤਰ੍ਹਾਂ ਕੁਰਸੀ ਤੇ ਸੰਭਲ ਕੇ ਬੈਠਾ ਅਤੇ ਸੋਚਣ ਲੱਗਾ, ਇਸਦਾ ਮਤਲਬ ਕੀ ਹੈ।

“ਯਾਰ ਮੇਰਾ ਹੱਜ ਕਰਾ ਦੇ...” ਇਹ ਮਨ ਉਨ੍ਹਾਂ ਦੇ ਲਫਜ਼। ਫ਼ੋਨ ਦੇ ਦੋਨੋਂ ਤਰਫ ਸੱਨਾਟਾ ਸੀ। ਮੇਰੀ ਘਿਗੀ ਬੱਝ ਗਈ। ਕੀ ਕਹਿ ਰਹੇ ਹੋ ਤੁਸੀਂ? ਕੁਝ ਸਮਝਿਆ ਨਹੀਂ?